# ਮਈਆ ਜੀ ਮੇਰਾ ਦਿਲ ਕਰਦਾ

ਮਈਆ ਜੀ ਮੇਰਾ ਦਿਲ ਕਰਦਾ
==================
( ਤੇਰਾ ਹੀ ਨਾਮ, ਸੁਣਕਰ ਮਈਆ
ਆਈਆਂ ਹਾਂ, ਦੂਰ ਸੇ,
ਝੋਲੀ ਮੇਰੀ ਕੋ, ਭਰ ਦੋ ਮਈਆ,
ਤੁਮ ਆਪਣੇ ਹੀ ਨੂਰ ਸੇ ॥ )

ਦਿਲ ਕਰਦਾ, ਮਈਆ ਜੀ ਮੇਰਾ ਦਿਲ ਕਰਦਾ ॥
ਮਾਂਏਂ ਨੀ ਮਾਂਏਂ, ਮੇਰਾ ਦਿਲ ਕਰਦਾ* ॥
"ਤੇਰੇ ਭਵਨ ਤੇ, ਰਾਤ ਬਿਤਾਵਾਂ" ।
ਰਾਤੀ ਤੇਰੇ, ਨਾਲ ਰੁਕਾਂ, ਤੈਨੂੰ ਦਿਲ ਦਾ ਹਾਲ ਸੁਣਾਵਾਂ ॥
ਦਿਲ ਕਰਦਾ, ਮਈਆ ਜੀ ਮੇਰਾ,,,,,,,,,,,,,,,,,,,,

ਪਰਚੀ ਲੈ ਕੇ, ਬਾਣ ਗੰਗਾ ਤੋਂ, "ਸ਼ੁਰੂ ਕਰਾਂ ਮੈਂ ਚੜ੍ਹਾਈ*" ।
ਚਰਨ ਪਦੁਕਾ, ਆਦਿ ਕੁੰਵਾਰੀ, "ਗਰਭ ਜੂਨ ਮਹਾਂ ਮਾਈ*" ॥
ਹਾਥੀ ਮੱਥਾ, *ਸਾਂਝੀਆਂ ਛੱਤਾਂ ॥
"ਹੋਲੀ ਹੋਲੀ, ਚੜ੍ਹ ਜਾਵਾਂ" ।
"ਰਾਤੀ ਤੇਰੇ, ਨਾਲ ਰੁਕਾਂ, ਤੈਨੂੰ ਦਿਲ ਦਾ ਹਾਲ ਸੁਣਾਵਾਂ" ।
ਦਿਲ ਕਰਦਾ, ਮਈਆ ਜੀ ਮੇਰਾ,,,,,,,,,,,,,,,,,,,,

ਸੁਬਹ ਦੁਪਿਹਰੇ, ਸ਼ਾਮੀ ਦਰ ਤੇ, "ਲੱਖਾਂ ਆਉਣ ਸਵਾਲੀ*" ।
ਰਾਤੀ ਸ਼ੇਰਾਂ, ਵਾਲੀਏ ਮਾਂਏਂ, "ਮੈਂ ਖ਼ਾਲੀ ਤੂੰ ਖ਼ਾਲੀ*" ॥
ਮੈਂ ਕੀ ਕੀ ਮੰਗਣਾ, ਤੇਰੇ ਤੋਂ, "ਇੱਕ ਲੰਬੀ ਲਿਸਟ ਬਣਾਵਾਂ" ।
ਜਦ ਵੀ ਸਾਹਮਣੇ, ਆਵਾਂ ਤੇਰੇ, "ਸਭ ਕੁਝ ਮੈਂ ਭੁੱਲ ਜਾਵਾਂ" ।
"ਰਾਤੀ ਤੇਰੇ, ਨਾਲ ਰੁਕਾਂ, ਤੈਨੂੰ ਦਿਲ ਦਾ ਹਾਲ ਸੁਣਾਵਾਂ" ।
ਦਿਲ ਕਰਦਾ, ਮਈਆ ਜੀ ਮੇਰਾ,,,,,,,,,,,,,,,,,,,,

ਤ੍ਰਿਕੁਟਾ ਪਰਬਤ, ਤੇ ਸੱਜਿਆ ਏ, "ਮਾਂ ਦਾ ਭਵਨ ਪਿਆਰਾ*" ।
ਤਿੰਨ ਪਿੰਡੀਆਂ ਦੇ, ਦਰਸ਼ਨ ਕਰਕੇ, "ਸਾਗਰ ਸ਼ੁਕਰ ਗੁਜਰਾਂ*" ॥
ਭੈਰੋਂ ਬਾਬਾ ਨੂੰ, ਟੇਕ ਕੇ ਮੱਥਾ ।
ਮਾਂ ਵਾਪਿਸ, ਕੱਟੜੇ ਆਵਾਂ ।
ਘਰ ਆ ਕੇ, ਤੇਰੀ ਜੋਤ ਜਗਾ ਕੇ, "ਕੰਜ਼ਕਾਂ ਆਪ ਬਿਠਾਵਾਂ" ।
"ਰਾਤੀ ਤੇਰੇ, ਨਾਲ ਰੁਕਾਂ, ਤੈਨੂੰ ਦਿਲ ਦਾ ਹਾਲ ਸੁਣਾਵਾਂ" ।
ਦਿਲ ਕਰਦਾ, ਮਈਆ ਜੀ ਮੇਰਾ,,,,,,,,,,,,,,,,,,,,

ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/33445/title/Maiya-Ji-Mera-Dil-Karda

अपने Android मोबाइल पर BhajanGanga App डाउनलोड करें और भजनों का आनंद ले |